بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 08.05.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 08 ਮਈ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਅਲੱਾਹ ਤਆਲਾ ਨੇ ਸਾਡੀ ਤਰੱਕੀ ਦਾ ਇਹੋ ਸਾਧਨ ਰੱਖਿਆ ਹੈ ਕਿ ਸਾਡੀਆਂ ਮਸਜਿਦਾਂ ਵਧੱਦੀਆਂ ਜਾਣ ਅਤੇ ਲੋਕਾਂ ਨਾਲ ਹਰ ਸਮੇਂ ਅਬਾਦ ਰਹਿਣ । ਜੱਦ ਤੱਕ ਤੁਸੀਂ ਮਸਜਿਦਾਂ ਨੂੰ ਅਬਾਦ ਰੱਖੋਗੇ ਉਸ ਸਮੇਂ ਤੱਕ ਤੁਸੀਂ ਵੀ ਅਬਾਦ ਰਹੋਗੇ ਅਤੇ ਜੱਦ ਤੁਸੀਂ ਮਸਜਿਦਾਂ ਨੂੰ ਛੱਡ ਦਿਓਗੇ ਉਸ ਸਮੇਂ ਰੱਬ ਵੀ ਤੁਹਾਨੂੰ ਛੱਡ ਦੇਵੇਗਾ । ਇਹ ਤਰੱਕੀਆਂ ਰੱਬ ਦੀਆਂ ਮਿਹਰਾਂ ਨਾਲ ਮਿਲਦੀਆਂ ਹਨ ਅਤੇ ਰੱਬ ਦੀ ਮਿਹਰ ਉਸ ਦੇ ਘਰ ਦੀ ਅਬਾਦੀ ਦਾ ਹੱਕ ਅਦਾ ਕਰਨ ਨਾਲ ਵਧੱਦਾ ਹੈ ।

ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਮੈਂ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੇ ਹਵਾਲੇ ਰਾਹੀਂ ਕਾਦੀਆਂ ਦੀ ਅਰੰਭਕ ਅਵਸਥਾ ਦੀਆਂ ਘਟਨਵਾ ਦੀ ਚਰਚਾ ਕੀਤੀ ਸੀ ਕਿ ਕਿਵੇਂ ਉਸ ਸਮੇਂ ਕਾਦੀਆਂ ਦੇ ਆਲੇ ਦੁਆਲੇ ਦੇ ਖੇਤਰ ਦੀ ਹਾਲਤ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਨਾਲ ਸੈਰ ਸਮੇਂ ਵੀ ਇਕ ਆਦਿ ਵਿਅਕਤੀ ਹੋਇਆ ਕਰਦਾ ਸੀ ਅਤੇ ਰਾਸਤਾ ਵੀ ਝਾੜੀਆਂ ਵਿੱਚੋਂ ਦੀ ਲੰਘਦਾ ਹੋਇਆ ਛੋਟਾ ਜਿਹਾ ਮਾਰਗ ਸੀ ਅਤੇ ਹੁਣ ਕਾਦੀਆਂ ਕਿਵੇਂ ਤਰੱਕੀ ਕਰ ਰਿਹਾ ਹੈ ਅਤੇ ਇਹ ਤਰੱਕੀ ਆਮ ਅਬਾਦੀਆਂ ਦੀ ਤਰੱਕੀ ਵਾਂਗ ਨਹੀਂ ਹੈ ਸਗੋਂ ਰੱਬ ਨੇ ਆਪਨੂੰ ਦੱਸ ਦਿੱਤਾ ਸੀ ਕਿ ਇਹ ਤਰੱਕੀ ਹੋਵੇਗੀ । ਵੱਡੇ ਸ਼ਾਹ ਮਾਰਗਾਂ ਅਤੇ ਸੜਕਾਂ ਨਾਲ ਲੱਗਦੀਆਂ ਜੋ ਅਬਾਦੀਆਂ ਹੁੰਦੀਆਂ ਹਨ ਉਹ ਤਾਂ ਤਰੱਕੀ ਕਰਦੀਆਂ ਹਨ, ਪਰ ਕਾਦੀਆਂ ਤਾਂ ਇਕ ਨੁਕੱਰ ਵਿੱਚ ਸੀ ਸੜਕ ਵੀ ਨਹੀਂ ਸੀ ਫਿਰ ਵੀ ਰੱਬ ਨੇ ਤਰੱਕੀ ਦੀ ਖ਼ਬਰ ਦਿੱਤੀ ਅਤੇ ਫਿਰ ਤਰੱਕੀ ਹੋਈ ਅਤੇ ਅੱਜ ਕੱਲ ਦੇ ਕਾਦੀਆਂ ਨੂੰ ਦੇਖਣ ਲਈ ਦੂਰ ਦੁਰਾਡਿਓਂ ਲੋਕ ਆਉਂਦੇ ਹਨ ਸਗੋਂ ਕਾਦੀਆਂ ਦਾ ਉਹ ਭਾਗ ਜੋ ਜਮਾਤ ਦੇ ਅਧਿਕਾਰ ਵਿੱਚ ਹੈ ਉਸ ਵਿੱਚ ਤਾਂ ਹੁਣ ਇਮਾਰਤਾਂ ਦੀ ਵਿਸ਼ਾਲਤਾ ਤੇ ਸੁੰਦਰਤਾ ਕਰਕੇ ਸਰਕਾਰੀ ਅਦਾਰਿਆਂ ਵੱਲੋਂ ਕਈ ਪ੍ਰੋਗਰਾਮਾਂ'ਤੇ ਵਰਤੋਂ ਲਈ ਬਿਨਤੀ ਕੀਤੀ ਜਾਂਦੀ ਹੈ ।

ਹਜ਼ਰਤ ਮੁਸਲਿਹ ਮਊਦ ਨੇ ਇਸ ਤਰੱਕੀ ਦੇ ਨਿਸ਼ਾਨਾ ਲਈ ਕਈ ਥਾਈਂ ਵਿਸਥਾਰ ਦਿੱਤਾ ਹੈ । ਆਪ ਫ਼ਰਮਾਉਂਦੇ ਹਨ ਕਿ ਦੇਖੋ ਰੱਬ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਵੁਜੂਦ ਵਿੱਚ ਕਿੰਨ੍ਹਾ ਮਹਾਨ ਨਿਸ਼ਾਨ ਦਿਖਾਇਆ ਹੈ । ਭਾਵੇਂ ਤੁਸੀਂ ਉਸ ਜੁੱਗ ਨੂੰ ਨਹੀਂ ਪਾਇਆ ਪਰ ਅਸੀਂ ਉਸ ਨੂੰ ਪਾਇਆ ਤੇ ਦੇਖਿਆ ਹੈ । ਸੋ, ਐਨ੍ਹੇ ਨੇੜੇ ਦੇ ਜੁੱਗ ਦੇ ਨਿਸ਼ਾਨਾਂ ਨੂੰ ਆਪਣੇ ਵਿਚਾਰ ਦੀਆਂ ਅੱਖਾਂ ਨਾਲ ਦੇਖਣਾ ਤੁਹਾਡੇ ਲਈ ਕੋਈ ਔਖਾ ਨਹੀਂ ਹੈ । ਹੋਰ ਨਿਸ਼ਾਨ ਤਾਂ ਜਾਣ ਦਿਓ ਮਸਜਿਦ ਮੁਬਾਰਕ ਨੂੰ ਹੀ ਦੇਖ ਲਓ । ਮਸਜਿਦ ਮੁਬਾਰਕ ਵਿੱਚ ਇਕ ਥੰਮੀ ਪਛੱਮ ਤੋਂ ਪੂਰਬ ਵੱਲ ਖੜੀ ਹੈ ਉਸ ਦੇ ਉਤੱਰ ਵਿੱਚ ਜੋ ਮਸਜਿਦ ਦਾ ਹਿਸੱਾ ਹੈ ਇਹ ਉਸ ਜੁੱਗ ਦੀ ਮਸਜਿਦ ਸੀ ਅਤੇ ਉਸ ਵਿੱਚ ਨਮਾਜ਼ ਸਮੇਂ ਕਦੇ ਇਕ ਜਾਂ ਦੋ ਸਫ਼ਾਂ (ਕਤਾਰਾਂ) ਹੁੰਦੀਆਂ ਸਨ ।

ਉਸ ਹਿੱਸੇ ਵਿੱਚ ਕੇਵਲ ਦੋ ਕਤਾਰਾਂ ਹੀ ਨਮਾਜ਼ ਲਈ ਖੜੀ ਹੋ ਸਕਦੀਆਂ ਸਨ ਅਤੇ ਇਕ ਕਤਾਰ ਵਿੱਚ ਪੰਜ ਤੋਂ ਸੱਤ ਵਿਅਕਤੀ ਹੀ ਖੜੇ ਹੋ ਸਕਦੇ ਸਨ । ਆਪ ਫ਼ਰਮਾਉਂਦੇ ਹਨ ਕਿ ਮੈਨੂੰ ਚੰਗੀ ਤਰ੍ਹਾਂ ਚੇਤੇ ਹੈ ਕਿ ਜੱਦ ਇਸ ਮਸਜਿਦ ਦੇ ਇਸ ਹਿੱਸੇ ਵਿੱਚ ਨਮਾਜ਼ੀਆਂ ਦੀ ਗਿਣਤੀ ਵਧੀ ਅਤੇ ਅਖ਼ੀਰਲੇ ਤੀਜੇ ਹਿੱਸੇ ਵਿੱਚ ਨਮਾਜ਼ੀ ਖੜੇ ਹੋਏ ਤਾਂ ਸਾਡੀ ਹੈਰਾਨੀ ਦੀ ਕੋਈ ਹੱਦ ਨ ਰਹੀ, ਅਰਥਾਤ ਜੱਦ ਪੰਦਰਵਾਂ ਜਾਂ ਸੋਲ੍ਹਵਾਂ ਨਮਾਜ਼ੀ ਆਉਂਦਾ ਤਾਂ ਅਸੀਂ ਹੈਰਾਨ ਹੋਕੇ ਕਹਿੰਦੇ ਕਿ ਹੁਣ ਤਾਂ ਬਹੁਤ ਲੋਕ ਨਮਾਜ਼ ਵਿੱਚ ਆਉਂਦੇ ਹਨ । ਸਾਨੂੰ ਜੋ ਹੈਰਾਨੀ ਹੋਈ ਕਿ ਕਿੰਨ੍ਹੀ ਵੱਡੀ ਸਫ਼ਲਤਾ ਹੈ, ਇਸ ਦੀ ਕਲਪਨਾ ਕਰੋ ਅਤੇ ਫਿਰ ਸੋਚੋ ਕਿ ਰੱਬ ਦੀਆਂ ਮਿਹਰਾਂ ਜੱਦ ਹੋਣ ਤਾਂ ਕੀ ਤੋਂ ਕੀ ਕਰ ਦਿੰਦੀਆਂ ਹਨ ।

ਫਿਰ ਇਸ ਤਬਦੀਲੀ ਦੀ ਚਰਚਾ ਕਰਦਿਆਂ ਜੋ ਆਪਣਿਆਂ ਵਿੱਚ ਵੀ ਹੋਈ ਆਪ ਫ਼ਰਮਾਉਂਦੇ ਹਨ ਕਿ ਮੈਨੂੰ ਚੇਤੇ ਹੈ ਅਰਥਾਤ ਜੋ ਸਜੱਣ ਰਿਸ਼ਤੇਦਾਰ ਸਨ ਉਹਨਾਂ ਵਿੱਚ ਵੀ ਫਿਰ ਮਗਰੋਂ ਤਬਦੀਲੀਆਂ ਪੈਦਾ ਹੋਈਆਂ । ਪਹਿਲਾਂ ਵਿਰੋਧੀ ਸਨ ਫਿਰ ਉਹ ਜਮਾਤ ਵਿੱਚ ਵੀ ਸ਼ਾਮਲ ਹੋਏ । ਆਪ ਫ਼ਰਮਾਉਂਦੇ ਹਨ ਕਿ ਸਾਡੀ ਤਾਈ ਸਾਹਿਬਾ ਜੋ ਬਾਦ ਵਿੱਚ ਅਹਮਦੀ ਵੀ ਹੋ ਗਈ ਸਨ ਮੈਨੂੰ ਦੇਖਕੇ ਕਿਹਾ ਕਰਦੀ ਸਨ ਕਿ "ਜਿਹੋ ਜਿਹਾ ਕਾਂ ਉਹੋ ਜਿਹੀ ਕੂ ਕੂ" ਮੇਰੀ ਮਾਂ ਦੇ ਹਿੰਦੁਸਤਾਨੀ ਹੋਣ ਦੇ ਸਬਬ ਅਤੇ ਇਸ ਕਰਕੇ ਵੀ ਕਿ ਬਚਪਨ ਵਿੱਚ ਬਹੁਤਾ ਗਿਆਨ ਨਹੀਂ ਹੁੰਦਾ, ਇਸ ਪੰਜਾਬੀ ਅਖਾਣ ਦੇ ਅਰਥ ਨਹੀਂ ਸਮਝ ਸਕਦਾ ਸੀ । ਸੋ, ਇਕ ਵਾਰ ਮੈਂ ਆਪਣੀ ਮਾਂ ਜੀ ਨੂੰ ਇਸ ਬਾਰੇ ਪੁੱਛਿਆ ਕਿ ਇਸ ਦਾ ਕੀ ਅਰਥ ਹੈ ਤਾਂ ਉਹਨਾਂ ਨੇ ਫ਼ਰਮਾਇਆ ਕਿ ਇਸ ਦੇ ਇਹ ਅਰਥ ਹੁੰਦੇ ਹਨ ਕਿ ਜਿਹੋ ਜਿਹਾ ਕਾਂ ਹੁੰਦਾ ਹੈ ਉਹੋ ਜਿਹੇ ਉਸ ਦੇ ਬੱਚੇ ਹੁੰਦੇ ਹਨ । ਕਾਂ ਤੋਂ ਭਾਵ ਤੁਹਾਡੇ ਅਬੱਾ (ਨਊਜ਼ ਬਿੱਲਾਹ) ਹਨ ਅਤੇ ਕੂ ਕੂ ਤੋਂ ਭਾਵ ਤੁਸੀਂ ਹੋ । ਪਰ ਆਪ ਫ਼ਰਮਾਉਂਦੇ ਹਨ ਕਿ ਦੇਖੋ ਮੈਂ ਫਿਰ ਉਹ ਸਮਾਂ ਵੀ ਦੇਖਿਆ ਕਿ ਉਹੋ ਤਾਈ ਸਾਹਿਬਾ ਜੋ ਸਭ ਕੁਝ ਕਿਹਾ ਕਰਦੀ ਸਨ ਜੇਕਰ ਕਦੇ ਉਹਨਾਂ ਦੇ ਘਰ ਜਾਂਦਾ ਤਾਂ ਬਹੁਤ ਹੀ ਇਜ਼ੱਤ ਨਾਲ ਪੇਸ਼ ਆਉਂਦੀ ਮੇਰੇ ਲਈ ਗੱਦਾ ਵਿਛਾਉਂਦੀ ਅਤੇ ਸਨਮਾਨ ਨਾਲ ਮੈਨੂੰ ਬਿਠਾਉਂਦੀ ਅਤੇ ਅਦਬ ਨਾਲ ਬੁਲਾਉਂਦੀ ਸਨ । ਇਹਨਾ ਸਾਰੀਆਂ ਚੀਜ਼ਾ ਨੂੰ ਦੇਖ ਕੇ ਤੁਸੀਂ ਸਮਝ ਸਕਦੇ ਹੋ ਕਿ ਜੱਦ ਰੱਬ ਦੁਨੀਆਂ ਬਦਲਣਾ ਚਾਹੁੰਦਾ ਹੈ ਤਾਂ ਕਿਵੇਂ ਬਦਲ ਦਿੰਦਾ ਹੈ । ਸੋ, ਜਿਵੇਂ ਕਿ ਮੈਂ ਕਿਹਾ ਇਹ ਗੱਲਾਂ ਈਮਾਨ (ਆਸਥਾ) ਵਿੱਚ ਤਾਜ਼ਗੀ ਤੇ ਤਰੱਕੀ ਕਰਨ ਵੱਲ ਧਿਆਨ ਖਿੱਚਦੀਆਂ ਹਨ ਇਹ ਸਾਨੂੰ ਰੱਬ ਦੇ ਨੇੜੇ ਲਿਆਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ । ਇਹ ਸਾਨੂੰ ਦਸੱਣ ਵਾਲੇ ਹੋਣੇ ਚਾਹੀਦੇ ਹਨ ਕਿ ਰੱਬ ਦੀ ਤਾਈਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਹੈ ਅਸੀਂ ਵੀ ਇਸ ਵਿੱਚੋਂ ਹਿੱਸਾ ਲੈਣਾ ਹੈ ਅਤੇ ਕਾਦੀਆਂ ਦੇ ਰਹਿਣ ਵਾਲੇ ਅਹਮਦੀਆਂ ਨੂੰ ਵੀ ਵਿਸ਼ੇਸ਼ ਰੂਪ ਵਿੱਚ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ । ਸਾਡੇ ਵਿੱਚ ਬਹੁਤ ਲੋਕ ਇਸ ਗੱਲ ਨੂੰ ਜਾਣਦੇ ਹਨ ਕਿ ਅਤੇ ਇਸ ਗੱਲ ਦੀ ਚਰਚਾ ਵੀ ਹੁੰਦੀ ਰਹਿੰਦੀ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਫ਼ਰਮਾਇਆ ਕਿ ਕਾਦੀਆਂ ਤਰੱਕੀ ਕਰੇਗਾ (ਬੀਤੇ ਕੁਝ ਖ਼ੁਤਬਿਆਂ ਵਿੱਚ ਮੈਂ ਕੁਝ ਘਟਨਾਵਾਂ ਦੀ ਚਰਚਾ ਵੀ ਕੀਤੀ ਸੀ) ਅਤੇ ਇਸ ਦਾ ਫ਼ੈਲਾਓ ਦਰਿਆ ਬਿਆਸ ਤੱਕ ਹੋ ਜਾਏ ਗਾ । ਇਹ ਗੱਲ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੇ ਇਕ ਸੁਪਨੇ ਦੇ ਆਧਾਰ ’ਤੇ ਕਹੀ ਸੀ । ਬਹਿਰਹਾਲ ਹਜ਼ਰਤ ਮੁਸਲਿਹ ਮਊਦ ਨੇ ਇਸ ਭਵਿੱਖਬਾਣੀ ਨੂੰ ਕਿ ਕਾਦੀਆਂ ਦੀ ਅਬਾਦੀ ਵਧੱਦੇ ਵਧੱਦੇ ਬਿਆਸ ਤੱਕ ਪਹੁੰਚ ਜਾਏਗੀ । ਇਸ ਨੂੰ ਵੱਖ ਵੱਖ ਦ੍ਰਿਸ਼ਟੀਕੋਣਾ ਰਾਹੀਂ ਵਰਨਣ ਕਰਦਿਆਂ ਹੋਇਆ ਜਮਾਤ ਦੇ ਲੋਕਾਂ ਨੂੰ ਆਪਣੀਆਂ ਜ਼ਿੰਮੇਦਾਰੀਆਂ ਵੱਲ ਵੀ ਧਿਆਨ ਦੁਆਇਆ ਅਤੇ ਇਹ ਜਿੰਮੇਦਾਰੀ ਕੇਵਲ ਕਾਦੀਆਂ ਦੇ ਰਹਿਣ ਵਾਲੇ ਲੋਕਾਂ ਦੀ ਨਹੀਂ ਸਗੋਂ ਜਮਾਤ ਦੇ ਹਰ ਵਿਅਕਤੀ ਨੂੰ ਇਹ ਗੱਲ ਸਾਹਮਣੇ ਰੱਖਣੀ ਚਾਹੀਦੀ ਹੈ । ਇਕ ਤਾਂ ਆਪ ਨੇ ਇਸ ਪੱਖੋਂ ਨਮਾਜ਼ਾਂ ਵੱਲ ਵੀ ਧਿਆਨ ਖਿੱਚਿਆ ਹੈ । ਇਹ ਅਜੀਬ ਗੱਲ ਲੱਗਦੀ ਹੈ ਕਿ ਅਬਾਦੀ ਦੇ ਵਧੱਣ ਨਾਲ ਨਮਾਜ਼ਾਂ ਦਾ ਕੀ ਸੰਬੰਧ ਹੈ, ਪਰ ਇਹੋ ਹਜ਼ਰਤ ਮੁਸਲਿਹ ਮਊਦ ਰਜ਼ੀ ਅੱਲਾਹ ਅਨਹੁ ਦੀਆਂ ਗੱਲਾਂ ਦੀਆਂ ਖ਼ੂਬੀਆਂ ਹਨ ਕਿ ਇਕ ਗੱਲ ਦੇ ਵੱਖ ਵੱਖ ਪਹਿਲੂ ਬਿਆਨ ਕਰਕੇ ਉਸਦੀ ਮਹੱਤਾ ਨੂੰ ਹੋਰ ਉਜਾਗਰ ਕਰ ਦਿੰਦੇ ਹਨ ।

ਹਾਂ, ਇਹ ਐਨ ਸੰਭਵ ਹੈ ਕਿ ਅਬਾਦੀ ਵਧੱਣ ਨਾਲ ਇਕ ਸਮਾਂ ਅਜਿਹਾ ਆਵੇ ਕਿ ਕਾਦੀਆਂ ਵਿੱਚ ਇਕ ਵਿਸ਼ਾਲ ਮਸਜਿਦ ਬਣਾਈ ਜਾਵੇ ਜਿਸ ਵਿੱਚ ਤਿੰਨ ਚਾਰ ਲੱਖ ਨਮਾਜ਼ੀ ਨਮਾਜ਼ ਪੜ੍ਹ ਸਕਣ । ਦੇਖੋ ਰੱਬ ਦੀ ਬਹੁਤ ਵੱਡੀ ਮਿਹਰ ਹੈ ਕਿ

ਲੋਕਾਂ ਦੀਆਂ ਮਸਜਿਦਾਂ ਖ਼ਾਲੀ ਪਈਆਂ ਰਹਿੰਦੀਆਂ ਹਨ ਅਤੇ ਅਸੀਂ ਆਪਣੀਆਂ ਮਸਜਿਦਾਂ ਵਧਾਉਂਦੇ ਜਾਂਦੇ ਹਾਂ ਅਤੇ ਤੰਗ ਹੋ ਜਾਂਦੀਆਂ ਹਨ । ਇੱਥੋਂ ਤੱਕ ਕਿ ਲੋਕਾਂ ਨੂੰ ਮਸਜਿਦ ਵਿੱਚ ਨਮਾਜ਼ ਪੜ੍ਹਨ ਨੂੰ ਥਾਂ ਨਹੀਂ ਮਿਲਦੀ ।

ਫਿਰ ਆਪ ਨੇ ਆਪਣੀ ਉਹ ਗੱਲ ਸੁਣਾਈ ਜੱਦ ਆਪ ਜੁਮਏ ਲਈ ਜਾ ਰਹੇ ਸਨ ਕਹਿੰਦੇ ਹਨ ਕਿ ਮੇਰੀ ਉਮਰ ਪੰਦਾਰ੍ਹਾਂ ਸਾਲ ਦੀ ਸੀ । ਜੱਦ ਘਰੋਂ ਨਿਕਲਿਆ ਤਾਂ ਇਕ ਵਿਅਕਤੀ ਮਸਜਿਦ ਤੋਂ ਵਾਪਸ ਆ ਰਿਹਾ ਸੀ ਤਾਂ ਉਸ ਨੇ ਕਿਹਾ ਮਸਜਿਦ ਵਿੱਚ ਤਾਂ ਨਮਾਜ਼ ਪੜ੍ਹਨ ਦੀ ਕੋਈ ਥਾਂ ਨਹੀਂ ਹੈ, ਇਸ ਲਈ ਮੈਂ ਉਸ ਦੀ ਇਹ ਗੱਲ ਸੁਣੀ ਤੇ ਮੈਂ ਵੀ ਵਾਪਸ ਆ ਗਿਆ । ਫ਼ਰਮਾਉਂਦੇ ਹਨ ਕਿ ਮੈਂ ਜ਼ੁਹਰ ਦੀ ਨਮਾਜ਼ ਪੜ੍ਹ ਲਈ । ਆਪ ਫ਼ਰਮਾਉਂਦੇ ਹਨ ਕਿ ਆਪਣੀ ਸ਼ਾਮਤ ਦੀ ਖੋਜ ਕਰ ਲੈਣੀ ਚਾਹੀਦੀ ਸੀ ਮੈਨੂੰ ਕਿ ਮਸਜਿਦ ਭਰੀ ਹੋਈ ਹੈ ਜਾਂ ਨਹੀਂ । ਇਧੱਰ ਉਧੱਰ ਬੈਠਣ ਜਾਂ ਖੜੇ ਹੋਣ ਦੀ ਥਾਂ ਹੈ ਜਾਂ ਨਹੀਂ । ਬਹਿਰਹਾਲ ਆਪ ਫ਼ਰਮਾਉਂਦੇ ਹਨ ਕਿ ਇਹ ਅਲੱਾਹ ਦਾ ਬਹੁਤ ਵੱਡਾ ਉਪਕਾਰ ਹੈ ਕਿ ਮੈਂ ਛੋਟੀ ਉਮਰ ਤੋਂ ਹੀ ਨਮਾਜ਼ਾਂ ਦਾ ਪਾਬੰਦ ਹਾਂ ਅਤੇ ਮੈਂ ਅੱਜ ਤੱਕ ਇਕ ਨਮਾਜ਼ ਵੀ ਕਦੇ ਨਸ਼ਟ ਨਹੀਂ ਕੀਤੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਮੈਨੂੰ ਕਦੇ ਨਹੀਂ ਪੁੱਛਦੇ ਸਨ ਕਿ ਤੁਸੀਂ ਨਮਾਜ਼ ਪੜ੍ਹੀ ਹੈ ਜਾਂ ਨਹੀਂ । ਆਪ ਫ਼ਰਮਾਉਂਦੇ ਹਨ ਕਿ ਮੈਨੂੰ ਚੇਤੇ ਹੈ ਕਿ ਜੱਦ ਮੈਂ ਗਿਆਰ੍ਹਵੇਂ ਸਾਲ ਵਿੱਚ ਸੀ ਤਾਂ ਇਕ ਦਿਨ ਮੈਂ 'ਜ਼ੁਹਾ' ਜਾਂ 'ਇਸ਼ਰਾਕ' ਦੀ ਨਮਾਜ਼ ਸਮੇਂ ਵੁਜ਼ੂ ਕਰਕੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਕੋਟ ਪਾਇਆ ਅਤੇ ਰੱਬ ਦੀ ਹਜ਼ੂਰੀ ਵਿੱਚ ਬਹੁਤ ਰੋਇਆ ਅਤੇ ਮੈਂ ਪ੍ਰਣ ਕੀਤਾ ਕਿ ਮੈਂ ਭਵਿੱਖ ਵਿੱਚ ਨਮਾਜ਼ ਕਦੇ ਨਹੀਂ ਛਡੱਾਂਗਾ ਅਤੇ ਰੱਬ ਦੀ ਮਿਹਰ ਹੈ ਕਿ ਇਸ ਪ੍ਰਣ ਤੇ ਇਕਰਾਰ ਦੇ ਬਾਦ ਮੈਂ ਕਦੇ ਕੋਈ ਨਮਾਜ਼ ਨਹੀਂ ਛੱਡੀ । ਬਹਿਰਹਾਲ ਆਪ ਫ਼ਰਮਾਉਂਦੇ ਹਨ ਇਸ ਦੇ ਬਾਦ ਸ਼ਾਇਦ ਮੇਰੀ ਗ਼ਫ਼ਲਤ ਨੂੰ ਰੱਬ ਦੂਰ ਕਰਨਾ ਚਾਹੁੰਦਾ ਸੀ ਕਿ ਜੋ ਥੋੜੀ ਬਹੁਤ ਸੁਸਤੀ ਹੈ ਕਈ ਵਾਰ ਨਮਾਜ਼ ਜਮਾਤ ਨਾਲ ਰਹਿ ਜਾਂਦੀ ਹੈ ਉਹ ਵੀ ਦੂਰ ਕਰਨਾ ਚਾਹੁੰਦਾ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਮੈਨੂੰ ਦੇਖਕੇ ਕਿਹਾ, ਜੱਦ ਮੈਂ ਵਾਪਸ ਆਗਿਆ ਮੈਂ ਜੁਮਆ ਨਹੀਂ ਪੜ੍ਹਿਆ ਕਿ ਮਹਮੂਦ ਇਧੱਰ ਆਓ, ਮੈਂ ਗਿਆ ਤਾਂ ਆਪ ਨੇ ਫ਼ਰਮਾਇਆਂ, ਤੁਸੀਂ ਜੁਮਆ ਪੜ੍ਹਨ ਨਹੀਂ ਗਏ । ਮੈਂ ਕਿਹਾ ਗਿਆ ਤਾਂ ਸੀ ਪਰ ਮਲੂਮ ਹੋਇਆ ਕਿ ਮਸਜਿਦ ਭਰੀ ਹੋਈ ਹੈ, ਓਥੇ ਨਮਾਜ਼ ਪੜ੍ਹਨ ਲਈ ਕੋਈ ਥਾਂ ਨਹੀਂ ਹੈ । ਮੈਂ ਕਹਿਣ ਨੂੰ ਤਾਂ ਕਹਿ ਦਿੱਤਾ, ਪਰ ਮੈਂ ਮਨ ਵਿੱਚ ਬਹੁਤ ਡਰਿਆ ਕਿ ਦੂਜੇ ਦੀ ਗੱਲ'ਤੇ ਭਰੋਸਾ ਕਿਉਂ ਕੀਤਾ, ਪਤਾ ਨਹੀਂ ਉਸਨੇ ਸੱਚ ਕਿਹਾ ਸੀ ਜਾਂ ਝੂਠ ਕਿਹਾ ਸੀ । ਜੇਕਰ ਉਸ ਨੇ ਸੱਚ ਕਿਹਾ ਸੀ ਤਾਂ ਖ਼ੈਰ ਹੈ ਪਰ ਜੇਕਰ ਉਸ ਨੇ ਝੂਠ ਬੋਲਿਆ ਹੈ ਤਾਂ ਕਿਉਂਕਿ ਮੈਂ ਉਸ ਦੀ ਗੱਲ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਸਾਹਮਣੇ ਬਿਆਨ ਕਰ ਦਿੱਤੀ ਹੈ ਇਸ ਲਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਮੈਥੋਂ ਬਹੁਤ ਨਾਰਾਜ਼ ਹੋਣਗੇ ਕਿ ਤੁਸੀਂ ਝੂਠ ਕਿਉਂ ਬੋਲਿਆ ਹੈ । ਬਹਿਰਹਾਲ ਕਹਿੰਦੇ ਹਨ ਕਿ ਮੈਂ ਆਪਣੇ ਦਿਲ ਵਿੱਚ ਬਹੁਤ ਡਰਿਆ ਕਿ ਅੱਜ ਪਤਾ ਨਹੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਕੀ ਫ਼ਰਮਾਉਂਦੇ ਹਨ । ਐਨ੍ਹੇ ਵਿੱਚ ਨਮਾਜ਼ ਪੜ੍ਹਕੇ ਮੌਲਵੀ ਅਬਦੁਲ ਕਰੀਮ ਸਾਹਬ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਹਾਲ ਪੁਛੱਣ ਲਈ ਆਏ । ਆਪ ਨੂੰ ਉਸ ਸਮੇਂ ਗੁਰਦੇ ਵਿੱਚ ਦਰਦ ਸੀ ਇਸ ਲਈ ਆਪ ਜੁਮੱਏ ਦੀ ਨਮਾਜ਼ ਲਈ ਮਸਜਿਦ ਨਹੀਂ ਗਏ ਸਨ, ਮੈਂ ਨੇੜੇ ਹੀ ਏਧਰ ਓਧਰ ਮੰਡਲਾ ਰਿਹਾ ਸੀ ਕਿ ਦੇਖੋ ਅੱਜ ਕੀ ਬਣਦਾ ਹੈ । ਉਹਨਾ ਦੇ ਆਉਂਦਿਆਂ ਹੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਉਹਨਾਂ ਨੂੰ ਪੁੱਛਿਆ ਕਿ ਅੱਜ ਜੁਮਏ ਵਿੱਚ ਲੋਕ ਬਹੁਤੇ ਆਏ ਸਨ ਅਤੇ ਮਸਜਿਦ ਵਿੱਚ ਨਮਾਜ਼ ਪੜ੍ਹਨ ਦੀ ਗੁੰਜਾਇਸ਼ ਨਹੀਂ ਰਹੀ ਸੀ । ਆਪ ਕਹਿੰਦੇ ਹਨ ਕਿ ਮੇਰਾ ਤਾਂ ਇਹ ਸੁਣਕੇ ਹੀ ਮਨ ਬਹਿਣ ਲੱਗਾ ਕਿ ਕੀ ਉਸ ਵਿਅਕਤੀ ਨੇ ਮੈਨੂੰ ਸੱਚ ਕਿਹਾ ਸੀ ਜਾਂ ਝੂਠ ਕਿਹਾ ਸੀ ਪਰ ਰੱਬ ਨੇ ਮਾਰੀ ਇਜ਼ੱਤ ਰੱਖ ਲਈ । ਮੌਲਵੀ ਅਬਦੁਲ ਕਰੀਮ ਸਾਹਬ ਮਰਹੂਮ ਨੇ ਇਹ ਸੁਣਿਆ ਤਾਂ ਕਿਹਾ ਹਜ਼ੂਰ ਅਲੱਾਹ ਦਾ ਬਹੁਤ ਉਪਕਾਰ ਹੈ ਕਿ ਮਸਜਿਦ ਬਹੁਤ ਲੋਕਾਂ ਨਾਲ ਭਰੀ ਹੋਈ ਸੀ ਇਸ ਵਿੱਚ ਬੈਠਣ ਲਈ ਰਤਾ ਵੀ ਗੰਜਾਇਸ਼ ਨਹੀਂ ਸੀ, ਫਿਰ ਮੈਂ ਜਾਣਿਆਂ ਕਿ ਉਸ ਅਹਮਦੀ ਨੇ ਜੋ ਕੁਝ ਕਿਹਾ ਸੀ ਸੱਚ ਕਿਹਾ ਸੀ । ਅਲੱਾਹ ਤਆਲਾ ਨੇ ਸਾਡੀ ਤਰੱਕੀ ਦਾ ਇਹੋ ਸਾਧਨ ਰੱਖਿਆ ਹੈ ਕਿ ਸਾਡੀਆਂ ਮਸਜਿਦਾਂ ਵਧੱਦੀਆਂ ਜਾਣ ਅਤੇ ਲੋਕਾਂ ਨਾਲ ਹਰ ਸਮੇਂ ਵਸਦੀਆਂ ਰਹਿਣ । ਜੱਦ ਤੱਕ ਤੁਸੀਂ ਮਸਜਿਦਾਂ ਨੂੰ ਅਬਾਦ

ਰੱਖੋਗੇ ਉਸ ਸਮੇਂ ਤੱਕ ਤੁਸੀਂ ਵੀ ਅਬਾਰਦ ਰਹੋਗੇ ਅਤੇ ਜੱਦ ਤੁਸੀਂ ਮਸਜਿਦਾਂ ਨੂੰ ਛੱਡ ਦਿਓਗੇ ਉਸ ਸਮੇਂ ਰੱਬ ਵੀ ਤੁਹਾਨੂੰ ਛੱਡ ਦੇਵੇਗਾ ।

ਸੋ, ਕਾਦੀਆਂ ਦੇ ਫੈਲਾਓ ਤੇ ਜਮਾਤ ਅਹਮਦੀਆ ਦੀ ਤਰੱਕੀ ਕੇਵਲ ਖੇਤਰ ਦੇ ਪੱਖੋਂ ਅਤੇ ਗਿਣਤੀ ਦੇ ਪੱਖੋਂ ਨਹੀਂ ਹੈ ਸਗੋਂ ਇਸ ਫੈਲਾਓ ਦਾ ਇਜ਼ਹਾਰ ਸਾਡੇ ਘਰਾਂ ਦੀ ਅਬਾਦੀ ਦੇ ਨਾਲ ਨਾਲ ਰੱਬ ਦੇ ਘਰ ਦੀ ਅਬਾਦੀ ਉਪੱਰ ਵੀ ਹੈ । ਸੋ, ਹਰ ਅਹਮਦੀ ਭਾਵੇਂ ਉਹ ਕਾਦੀਆਂ ਦਾ ਰਹਿਣ ਵਾਲਾ ਹੈ ਜਾਂ ਜਿਸ ਨੇ ਕਾਦੀਆਂ ਦੀ ਤਰੱਕੀ ਦੇਖਣੀ ਹੈ ਜਾਂ ਰਬਵਾ ਦਾ ਰਹਿਣ ਵਾਲਾ ਜਿਸ ਨੇ  ਰਬਵਾ ਦੀ ਤਰੱਕੀ ਦੇਖਣੀ ਹੈ ਜਾਂ ਕਿਸੇ ਦੇਸ਼ ਦਾ ਰਹਿਣ ਵਾਲਾ ਜਿਸ ਨੇ ਜਮਾਤ ਦੀ ਤਰੱਕੀ ਦਾ ਹਿੱਸਾ ਬਨਣਾ ਹੈ ਅਤੇ ਜਮਾਤ ਦੀ ਤਰੱਕੀ ਦੇਖਣੀ ਹੈ ਤਾਂ ਆਪਣੀਆਂ ਅਬਾਦੀਆਂ ਦੇ ਨਾਲ ਨਾਲ ਮਸਜਿਦਾਂ ਨੂੰ ਅਬਾਦ ਰਖੱਣ ਵੀ ਅਤਿਅੰਤ ਜ਼ਰੂਰੀ ਹੈ ਕਿ ਇਹ ਤਰੱਕੀਆਂ ਰੱਬ ਦੀ ਮਿਹਰ ਨਾਲ ਮਿਲਦੀਆਂ ਹਨ ਅਤੇ ਰੱਬ ਦੀ ਮਿਹਰ ਉਸ ਦੇ ਦਰ ਦੀ ਅਬਾਦੀ ਦਾ ਹੱਕ ਪੂਰਾ ਕਰਨ ਨਾਲ ਵਧੱਦਾ ਹੈ । ਸੋ, ਜੱਦ ਅਸੀਂ ਮਸਜਿਦਾਂ ਦੀ ਉਸਾਰੀ ਦੀਆਂ ਗੱਲਾਂ ਕਰਦੇ ਹਾਂ ਤਾਂ ਹਰ ਥਾਂ ਮਸਜਿਦ ਦੇ ਛੋਟੇ ਹੋਣ ਦੇ ਵੀ ਜਤਨ ਹੋਣੇ ਚਾਹੀਦੇ ਹਨ ਅਤੇ ਰੱਬ ਨਾਲ ਖ਼ਾਲਸ ਸੰਬੰਧ ਪੈਦਾ ਕਰਨ ਦੇ ਵੀ ਜਤਨ ਹੋਣੇ ਚਾਹੀਦੇ ਹਨ ਤਾਂ ਜੋ ਅਲੱਾਹ ਤਆਲਾ ਸਾਨੂੰ ਵੀ ਕਦੇ ਨ ਛੱਡੇ ਅਤੇ ਅਸੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਹਰ ਭਵਿੱਖਬਾਣੀ ਨੂੰ ਆਪ ਵੀ ਪੂਰਾ ਹੁੰਦਿਆਂ ਹੋਇਆ ਦੇਖੀਏ ।

ਫਿਰ ਮੁਸਲਿਹ ਮਊਦ ਨੇ ਇਸ ਪੇਸ਼ਗੋਈ ਦੇ ਹਵਾਲੇ ਨਾਲ ਜੱਦ ਇਹ ਪੇਸ਼ਗੋਈ ਕੀਤੀ ਗਈ ਕਾਦੀਆਂ ਦੇ ਹਾਲਾਤ ਦਾ ਚਿੱਤਰ ਇਉਂ ਖਿੱਚਿਆ ਕਿ ਅਵਸਥਾ ਕੀ ਸੀ ਕਾਦੀਆਂ ਦੀ, ਫਰਮਾਉਂਦੇ ਹਨ ਕਿ ਮੈਂ ਉਸ ਪੇਸ਼ਗੋਈ ਦੀ ਚਰਚਾ ਕਰਦਾ ਹਾਂ ਜੋ ਕਾਦੀਆਂ ਦੀ ਤਰੱਕੀ ਲਈ ਹੈ ਆਪ ਫ਼ਰਮਾਉਂਦੇ ਹਨ ਕਿ ਉਹ ਇਹ ਹੈ ਕਿ ਹਜ਼ਰਤ ਅਕਦਸ ਮਸੀਹ ਮਊਦ ਅਲੈਹਿ ਸਲਾਮ ਨੂੰ ਦੱਸਿਆ ਗਿਆ ਕਿ ਕਾਦੀਆਂ ਦਾ ਪਿੰਡ ਤਰੱਕੀ ਕਰਦੇ ਕਰਦੇ ਇਕ ਬਹੁਤ ਵੱਡਾ ਸ਼ਰਿਹਰ ਹੋ ਜਾਵੇਗਾ ਜਿਵੇਂ ਕਿ ਮੁਮਬਈ ਅਤੇ ਕਲਕਤੱਾ ਦਾ ਸ਼ਹਿਰ ਹੈ ਭਾਵ ਨੌ ਦੱਸ ਲੱਖ ਦੀ ਅਬਾਦੀ ਤੱਕ ਪਹੁੰਚ ਜਾਵੇਗਾ ਅਤੇ ਇਸ ਦੀ ਅਬਾਦੀ ਉੱਤਰ ਪੂਰਬ ਵਲ ਜਿਵੇਂ ਕਿ ਮੈਂ ਕਿਹਾ ਇਹ ਉਸ ਸਮੇਂ ਦੇ ਅੰਦਾਜ਼ੇ ਅਨੁਸਾਰ ਆਪ ਨੇ ਗੱਲ ਕੀਤੀ । ਇਸ ਦੀ ਅਬਾਦੀ ਉੱਤਰ ਪੂਰਬ ਵੱਲ ਫੈਲਦਿਆਂ ਹੋਇਆਂ ਬਿਆਸ ਤੱਕ ਪਹੁੰਚ ਜਾਏਗੀ ਜੋ ਕਾਦੀਆਂ ਤੋਂ ਨੌ ਮੀਲ ਦੀ ਦੂਰੀ'ਤੇ ਵਗੱਣ ਵਾਲੇ ਦਰਿਆ ਦਾ ਨਾਂ ਹੈ । ਇਹ ਪੇਸ਼ਗੋਈ ਜੱਦ ਪ੍ਰਕਾਸ਼ਤ ਹੋਈ ਉਸ ਸਮੇਂ ਕਾਦੀਆਂ ਦੀ ਕੀ ਹਾਲਤ ਸੀ ਕਿ ਉਸ ਦੀ ਅਬਾਦੀ ਦੋ ਹਜ਼ਾਰ ਦੇ ਲਗਭਗ ਸੀ, ਕੁਝ ਇਕ ਪੱਕੇ ਘਰਾਂ ਤੋਂ ਬਿਨਾਂ ਬਾਕੀ ਸਾਰੇ ਘਰ ਕੱਚੇ ਸਨ । ਮਕਾਨਾ ਦਾ ਕਿਰਾਇਆ ਐਨ੍ਹਾ ਡਿੱਗਿਆ ਹੋਇਆ ਸੀ ਕਿ ਚਾਰ ਪੰਜ ਆਨ੍ਹੇ ਮਹੀਨਾ ਕਿਰਾਏ'ਤੇ ਮਕਾਨ ਮਿਲ ਜਾਂਦਾ ਸੀ । ਘਰਾਂ ਦੀ ਭੋਂਇ ਐਨ੍ਹੀ ਸਸਤੀ ਸੀ ਕਿ ਦੱਸ ਬਾਰ੍ਹਾਂ ਰੁਪਏ ਵਿੱਚ ਰਹਿਣ ਯੋਗ ਘਰ ਬਨਾਉਣ ਲਈ ਜਮੀਨ ਮਿਲ ਜਾਂਦੀ ਸੀ । ਬਜ਼ਾਰਾਂ ਦਾ ਇਹ ਹਾਲ ਸੀ ਕਿ ਦੋ ਤਿੰਨ ਰੁਪਏ ਦਾ ਆਟਾ ਇਕ ਸਮੇਂ ਵਿੱਚ ਨਹੀਂ ਮਿਲ ਸਕਦਾ ਸੀ ਕਿਉਂਕਿ ਲੋਕ ਖੇਤੀ ਬਾੜੀ ਦੇ ਤਬਕੇ ਦੇ ਲੋਕ ਸਨ ਅਤੇ ਆਪ ਆਟਾ ਰਖੱਣ ਦੀ ਥਾਂ ਕਣਕ ਰਖੱਦੇ ਸਨ ਅਤੇ ਦਾਣੇ ਪੀਡ ਕੇ ਰੋਟੀ ਬਣਾਉਂਦੇ ਸਨ ਚੱਕੀਆਂ ਸਨ । ਵਿਦਿਆ ਲਈ ਇਕ ਸਰਕਾਰੀ ਸਕੂਲ ਸੀ ਜੋ ਕਿ ਪ੍ਰਇਮਰੀ ਤੱਕ ਸੀ ਉਸ ਦਾ ਮਾਸਟਰ ਕੁਝ ਅਲਾਉਂਸ ਲੈਕੇ ਡਾਕਖ਼ਾਨੇ ਦਾ ਕੰਮ ਵੀ ਕਰ ਦਿਆ ਕਰਦਾ ਸੀ । ਡਾਕ ਹਫਤੇ'ਚ ਇਕ ਵਾਰ ਆਇਆ ਕਰਦੀ ਸੀ । ਸਾਰੀਆਂ ਇਮਾਰਤਾਂ ਪਿੰਡ ਵਿੱਚ ਸਨ ਅਤੇ ਇਸ ਪੇਸ਼ਗੋਈ ਦੇ ਪੂਰਾ ਹੋਣ ਦੇ ਕੋਈ ਜ਼ਾਹਰੀ ਸਾਧਨ ਦਿਖਾਈ ਨਹੀਂ ਦਿੰਦੇ ਸਨ ਕਿਉਂਕਿ ਕਾਦੀਆਂ ਰੇਲ ਤੋਂ ਗਿਆਰਾਂ ਮੀਲ ਦੀ ਦੂਰੀ 'ਤੇ ਸੀ ਅਤੇ ਉਸ ਦੀ ਸੜਕ ਬਿਲਕੁਲ ਕੱਚੀ ਅਤੇ ਜਿੰਨ੍ਹਾ ਖੇਤਰਾਂ ਵਿੱਚ ਰੇਲ ਹੋਵੇ ਅਤੇ ਉਹਨਾਂ ਵਿੱਚ ਉਸ ਦੇ ਕੰਢਿਆਂ 'ਤੇ ਜੋ ਸ਼ਹਿਰ ਵਸਦੇ ਹਨ ਉਹਨਾਂ ਦੀ ਹੀ ਅਬਾਦੀ ਵਧੱਦੀ ਹੈ ਜਾਂ ਸੜਕਾਂ ਹੋਣ ਜਾਂ ਰੇਲ ਹੋਵੇ । ਕੋਈ ਕਾਰਖ਼ਾਨਾ ਕਾਦੀਆਂ ਵਿੱਚ ਨਹੀਂ ਸੀ ਕਿ ਇਸ ਕਰਕੇ ਮਜ਼ਦੂਰਾਂ ਦੀ ਅਬਾਦੀ ਨਾਲ ਸ਼ਹਿਰ ਦੀ ਤਰੱਕੀ ਹੋ ਜਾਵੇ ਕੋਈ ਸਰਕਾਰੀ ਅਦਾਰਾ ਕਾਦੀਆਂ ਵਿੱਚ ਨਹੀਂ ਸੀ ਕਿ ਇਸ ਦੇ ਕਰਕੇ ਕਾਦੀਆਂ ਤਰੱਕੀ ਕਰਦਾ । ਨ ਜ਼ਿਲੇ ਦਾ ਅਸਥਾਨ ਸੀ, ਨ ਤਹਿਸੀਲ ਦਾ, ਇੱਥੋਂ ਤੱਕ ਕਿ ਪੁਲਿਸ ਦੀ ਚੋਕੀ ਵੀ ਨਹੀਂ ਸੀ । ਕਾਦੀਆਂ ਵਿੱਚ ਕੋਈ ਮੰਡੀ ਵੀ ਨਹੀਂ ਸੀ

ਜਿਸ ਦੇ ਸਬਬ ਏਥੋਂ ਦੀ ਅਬਾਦੀ ਤਰੱਕੀ ਕਰਦੀ । ਜਿਸ ਸਮੇਂ ਇਹ ਪੇਸ਼ਗੋਈ ਕੀਤੀ ਗਈ ਉਸ ਸਮੇਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮੁਰੀਦ ਵੀ ਕੁਝ ਸੈਂਕੜੇ ਤੋਂ ਵੱਧ ਨਹੀਂ ਸੀ ਕਿ ਉਹਨਾਂ ਨੂੰ ਆਗਿਆ ਰਾਹੀਂ ਏਥੇ ਲਿਆ ਕੇ ਵਸਾ ਦਿੱਤਾ ਜਾਂਦਾ ਤਾਂ ਜੋ ਸ਼ਹਿਰ ਵੱਧ ਜਾਂਦਾ । ਹੁਣ ਇਸ ਅਵਸਥਾ ਨੂੰ ਸਾਹਮਣੇ ਰੱਖਦੇ ਹੋਏ ਜੋ ਵੀ ਇਸ ਪੇਸ਼ਗੋਈ ਉਪੱਰ ਗ਼ੌਰ ਕਰੇਗਾ ਅਤੇ ਅੱਜ ਦੇ ਕਾਦੀਆਂ ਨੂੰ ਵੀ ਦੇਖੇ ਜੋ ਅਜੇ ਬੇਸ਼ਕ ਬਿਆਸ ਤੱਕ ਨਹੀਂ ਫੈਲਿਆ ਪਰ ਰੱਬ ਦੀ ਮਿਹਰ ਨਾਲ ਤਰੱਕੀ ਕਰ ਰਿਹਾ ਹੈ, ਫਿਰ ਵੀ ਅੱਜ ਦੇ ਕਾਦੀਆਂ ਨੂੰ ਦੇਖਕੇ ਇਸ ਗੱਲ ਨੂੰ ਨਿਸ਼ਾਨ ਕਰਾਰ ਦੇਵੇਗਾ ਇਕ ਸੂਝਵਾਨ ਮਨੁੱਖ ਬਸ਼ਰਤੇ ਕਿ ਅਕਲ ਵੀ ਤੇ ਨਿਆਂ ਦੀ ਵੀ ਦ੍ਰਿਸ਼ਟੀ ਰੱਖਦਾ ਹੋਵੇ । ਸੋ, ਇਹ ਸੁਪਨਾ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਦੇਖਿਆ ਉਸ ਦੇ ਇਹ ਅਰਥ ਨਹੀਂ ਕਿ ਇਸ ਤੋਂ ਅੱਗੇ ਕਾਦੀਆਂ ਨਹੀਂ ਫੈਲੇਗਾ ਸੰਭਵ ਹੈ ਕਿ ਕਿਸੇ ਸਮੇਂ ਕਾਦੀਆਂ ਐਨ੍ਹੀ ਤਰੱਕੀ ਕਰੇ ਕਿ ਬਿਆਸ ਦਰਿਆ ਕਾਦੀਆਂ ਵਿੱਚ ਵਗੱਣ ਵਾਲਾ ਨਾਲਾ ਬਣ ਜਾਵੇ ਅਤੇ ਕਾਦੀਆਂ ਦੀ ਅਬਾਦੀ ਬਿਆਸ ਦਰਿਆ ਤੋਂ ਅਗਾਂਹ ਨਿਕਲ ਕੇ ਹੁਸ਼ਿਆਰਪੁਰ ਦੇ ਜ਼ਿਲੇ ਵੱਲ ਨਿਕਲ ਜਾਵੇ ।

ਕਾਦੀਆਂ ਵਿੱਚ ਹੁਣ ਜਿੱਥੇ ਜਮਾਤੀ ਇਮਾਰਤਾਂ ਵਿੱਚ ਵਾਧਾ ਹੋ ਰਿਹਾ ਹੈ ਦਫ਼ਤਰਾਂ ਤੋਂ ਬਿਨਾ ਮੁਲਾਜ਼ਮਾਂ ਦੇ ਰਿਹਾਇਸ਼ੀ ਕਵਾਟਰ ਅਤੇ ਫਲੈਟਸ ਵੀ ਬਣ ਰਹੇ ਹਨ ਦੂਜੀਆਂ ਇਮਾਰਤਾਂ ਵੀ ਬਣ ਰਹੀਆਂ ਹਨ । ਓਥੇ ਕਾਦੀਆਂ ਦੇ ਆਪਣੇ ਰਿਹਾਸ਼ੀਆਂ ਨੂੰ ਵੀ ਰੱਬ ਉਹਨਾਂ ਦੇ ਹਾਲਾਤ ਚੰਗੇ ਕਰਕੇ ਸੰਜੋਗ ਬਖ਼ਸ਼ ਰਿਹਾ ਹੈ ਕਿ ਉਹ ਵੀ ਆਪਣੇ ਵੱਡੇ ਤੇ ਵਿਸ਼ਾਲ ਘਰ ਬਨਾਉਣ । ਇਸ ਤੋਂ ਬਿਨਾ ਭਾਰਤ ਦੇ ਸਮਰਥਾ ਯੋਗ ਅਹਮਦੀ ਵੀ ਆਪਣੀਆਂ ਇਮਾਰਤਾਂ ਅਤੇ ਘਰ ਬਣਾ ਰਹੇ ਹਨ । ਫਿਰ ਦੁਨੀਆ ਵਿੱਚ ਵਸੱਣ ਵਾਲੇ ਅਹਮਦੀਆਂ ਦੀ ਵੀ ਇਸ ਵੱਲ ਤਵਜੁੱਹ ਹੈ ਪਰ ਮੁਢੱਲੀ ਚੀਜ ਉਹੋ ਹੈ ਕਿ ਜਿਸ ਨੂੰ ਹਰ ਅਹਮਦੀ ਨੂੰ ਸਾਹਮਣੇ ਰਖੱਣੀ ਚਾਹੀਦੀ ਹੈ ਕਿ ਸਾਰੀਆਂ ਤਰੱਕੀਆਂ ਦਾ ਭੇਦ ਜਾਂ ਤਰੱਕੀ ਦਾ ਹਿਸੱਾ ਬਨਣ ਦਾ ਭੇਦ ਰੱਬ ਦੇ ਘਰਾਂ ਨੂੰ ਅਬਾਦ ਕਰਨ ਅਤੇ ਉਸ ਨਾਲ ਸੰਬੰਧ ਜੋੜਨ ਨਾਲ ਹੈ । ਜਿੱਥੇ ਕਿਸੇ ਨੇ ਰੱਬ ਨੂੰ ਛੱਡਿਆ ਓਥੇ ਰੱਬ ਵੀ ਉਹਨਾਂ ਨੂੰ ਛੱਡ ਦਿੰਦਾ ਹੈ । ਅਤੇ ਇਹ ਹੁਣ ਕੇਵਲ ਕਾਦੀਆਂ ਦੀ ਤਰੱਕੀ ਨਾਲ ਸੰਬੰਧਤ ਨਹੀਂ ਸਗੋਂ ਜਮਾਤ ਦੀ ਸਾਮੂਹਿਕ ਤਰੱਕੀ ਵੀ ਇਸ ਨਾਲ ਸਲੰਗਤ ਹੈ ਕਿ ਆਪਣੀਆਂ ਮਸਜਿਦਾਂ ਨੂੰ ਛੋਟਾ ਕਰਦੇ ਚਲੇ ਜਾਣ ਅਤੇ ਰੱਬ ਦੀ ਤਾਈਦ ਅਤੇ ਸਹਾਇਤਾ ਦੀ ਆਸ ਰੱਖਣ ।

ਸਾਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਕੇਵਲ ਕਾਦੀਆਂ ਦੀ ਤਰੱਕੀ ਹੀ ਨਹੀਂ ਸਗੋਂ ਜਮਾਤ ਦੀ ਹਰ ਤਰ੍ਹਾਂ ਦੀ ਤਰੱਕੀ ਦਾ ਰੱਬ ਦਾ ਵਾਦਾ ਹੈ । ਜੱਦ ਇਕ ਨਿਸ਼ਾਨ ਅਸੀਂ ਪੂਰਾ ਹੁੰਦਾ ਦੇਖਦੇ ਹਾਂ ਤਾਂ ਦੂਜੇ ਨਿਸ਼ਾਨ ਦੇ ਪੂਰਾ ਹੋਣ ਦੇ ਵਿਸ਼ਵਾਸ ਵਿੱਚ ਹੋਰ ਵੀ ਵਾਧਾ ਹੋ ਜਾਂਦਾ ਹੈ । ਸੋ, ਆਪਣੇ ਈਮਾਨ ਨੂੰ ਮਜ਼ਬੂਤ ਬਣਾਈ ਰੱਖੋ, ਰੱਬ ਨਾਲ ਸੰਬੰਧ ਜੋੜੀ ਰੱਖੋ ਅਤੇ ਅਤੇ ਆਪਣੇ ਈਮਾਨਾ ਦੀ ਮਜ਼ਬੂਤੀ ਲਈ ਦੁਆਵਾਂ ਵੀ ਕਰਦੇ ਰਹੋ । ਸੂਰਜ ਉਦੈ ਹੋਵੇਗਾ ਅਵਸ਼ ਹੋਵੇਗਾ, ਇੰਸ਼ਾਅਲੱਾਹ, ਅਤੇ ਰੱਬ ਦੀ ਮਦਦ ਆਏ ਗੀ ਅਤੇ ਅਵਸ਼ ਆਏਗੀ ।

ਹੁਣ ਕੁਝ ਵਿਵਧ ਹਵਾਲੇ ਵੀ ਪੇਸ਼ ਕਰਦਾ ਹਾਂ । ਵਕਫ਼ੇ ਨਓ ਦੀ ਇਕ ਬੱਚੀ ਨੇ ਪ੍ਰਸ਼ਨ ਕੀਤਾ ਕਿ ਕਬਰ ਉੱਤੇ ਫੁੱਲਾਂ ਦੀ ਚਦੱਰ ਚੜ੍ਹਾਉਣ ਜਾਂ ਫੁੱਲ ਰਖੱਣ ਵਿੱਚ ਕੀ ਹਰਜ ਹੈ ਇਹ ਉਚਿਤ ਹੈ ਜਾਂ ਨਹੀਂ । ਇਸ ਬਾਰੇ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਇਕ ਵਾਰ ਫ਼ਰਮਾਇਆ, ਅਜਿਹੀ ਹੀ ਗੱਲ ਜੱਦ ਆਪ ਦੀ ਜਾਣਕਾਰੀ ਵਿੱਚ ਆਈ ਕਿ ਮੈਂਨੂੰ ਦੱਸਿਆ ਗਿਆ ਹੈ ਕਿ ਕਈ ਲੋਕ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਮਿਜ਼ਾਰ'ਚੋਂ ਤਬਰੁੱਕ (ਪਵਿੱਤਰ ਯਾਦਗਾਰ) ਦੇ ਰੂਪ ਵਿੱਚ ਮਿੱਟੀ ਲੈ ਜਾਂਦੇ ਹਨ, ਕਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮਿਜ਼ਾਰ ਉਪੱਰ ਫੁੱਲ ਚੜ੍ਹਾ ਜਾਂਦੇ ਹਨ । ਇਹ ਸਾਰੀਆਂ ਫ਼ਜ਼ੂਲ ਗੱਲਾਂ ਹਨ ਇਹਨਾਂ ਤੋਂ ਕੋਈ ਲਾਭ ਨਹੀਂ ਹੁੰਦਾ ਅਤੇ ਈਮਾਨ (ਆਸਥਾ) ਨਸ਼ਟ ਹੋ ਜਾਂਦਾ ਹੈ । ਭਲਾ ਕਬਰ ਉਪੱਰ ਫੁੱਲ ਚੜ੍ਹਉਣ ਨਾਲ ਮੁਰਦੇ ਨੂੰ ਕੀ ਲਾਭ ਹੋ ਸਕਦਾ ਹੈ । ਹਾਂ, ਦੁਆਵਾਂ ਲਾਭ ਦਿੰਦੀਆਂ ਹਨ ਜੋ ਕਰਨੀਆਂ ਚਾਹੀਦੀਆਂ ਹਨ । ਸੰਸਾਰ ਵਿੱਚ ਅਸੀਂ ਦੇਖਦੇ ਹਾਂ ਕਿ ਲੋਕ ਦਫ਼ਨ ਹੁੰਦੇ ਹਨ ਤਾਂ ਮਿੱਟੀ ਬਣ ਜਾਂਦੇ ਹਨ, ਇਹ ਨੀਯਮ ਹੈ । ਕੁਦਰਤ ਦਾ ਕਾਨੂਨ ਹੈ ਅਤੇ ਜੱਦ ਅਜਿਹੀ ਅਵਸਥਾ ਹੋਵੇ ਤਾਂ ਦਿਖਾਵੇ ਦੇ ਫੁੱਲਾਂ ਦੀ ਖ਼ੁਸ਼ਬੋਆਂ ਨੇ ਕਿਸੇ ਨੂੰ ਕੀ ਦੇਣਾ ਹੈ । ਆਤਮਾਵਾਂ ਦੇ ਪ੍ਰਤੀਫਲ ਜਾਂ ਦੰਡ ਫਲ ਲਈ ਵੀ ਤਾਂ ਰੂਹਾਂ ਆਪਣੇ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਗਈਆਂ ਅਤੇ ਹੁੰਦੀਆਂ ਹਨ ਅਤੇ ਇਸ ਆਤਮਾ ਦੇ ਪੁੰਨ

ਲਈ ਹੁਣ ਦੁਆ ਕਰਨੀ ਚਾਹੀਦੀ ਹੈ ਤਾਂ ਜੋ ਰੱਬ ਉਹਨਾਂ ਨਾਲ ਰਹਿਮਤ ਦਾ ਵਰਤਾਉ ਕਰੇ । ਕਿਸੇ ਪ੍ਰਕਾਰ ਦਾ ਸ਼ਿਰਕ ਨਾਲ ਭਰਿਆ ਕਰਮ ਕਬਰਾਂ ਉਪੱਰ ਜਾਕੇ ਨਹੀਂ ਕਰਨ ਚਾਹੀਦਾ । ਰੱਬ ਦੀ ਅਪਾਰ ਕ੍ਰਿਪਾ ਨਾਲ ਅਹਮਦੀ ਨਹੀਂ ਕਰਦੇ ਪਰ ਕਈ ਵਾਰ ਅਜਿਹੀਆਂ ਗੱਲਾਂ ਸਾਹਮਣੇ ਆ ਜਾਂਦੀਆਂ ਹਨ ਕਿ ਏਥੇ ਵੀ ਫੁੱਲ ਚੜ੍ਹਾਏ ਜਾਂਦੇ ਹਨ ਅਤੇ ਇਹ ਫ਼ਜ਼ੂਲ ਕਰਮ ਹਨ ਸਾਡੀਆਂ ਕਬਰਾਂ 'ਤੇ ਅਜਿਹਾ ਨਹੀਂ ਹੋਣਾ ਚਾਹੀਦਾ ।

ਇਕ ਹੋਰ ਗੱਲ ਜਿਸ ਦਾ ਹਜ਼ਰਤ ਮੁਸਲਿਹ ਮਊਦ ਨੇ ਚਰਚਾ ਕੀਤੀ ਜੋ ਆਪ ਦੀ ਕਿਤਾਬ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਕਿਤਾਬ 'ਇਸਲਾਮੀ ਉਸੂਲ ਦੀ ਫ਼ਿਲਾਸਫ਼ੀ' ਦੇ ਲਿੱਖੇ ਜਾਣ ਤੇ ਪੜ੍ਹੇ ਜਾਣ ਨਾਲ ਸੰਬੰਧਤ ਹੈ, ਉਹ ਅਜੀਬ ਗੱਲ ਇਹ ਹੈ ਕਿ ਕਈ ਟੇਢੇ ਲੋਕਾਂ ਦੇ ਸੁਭਾਉ ਦਾ ਪਤਾ ਲਗਦਾ ਹੈ ਇਸ ਨਾਲ । ਇਹ ਨਹੀਂ ਕਿ ਬਾਦ ਵਿੱਚ ਟੇਢੇ ਹੁੰਦੇ ਹਨ ਸ਼ੁਰੂ ਤੋਂ ਹੀ ਟੇਢੇ ਹੁੰਦੇ ਹਨ, ਰੱਬ ਉਹਨਾਂ ਦੇ ਅੰਤ ਵੀ ਫਿਰ ਸਿੱਧੇ ਨਹੀਂ ਰੱਖਦਾ । ਆਪ ਫ਼ਰਮਾਉਂਦੇ ਹਨ ਕਿ 1897 ਈ. ਵਿੱਚ ਜੱਦ ਲਹੌਰ ਵਿੱਚ ਇਸ ਮਹਾਨ ਜਲਸੇ ਦੀ ਨੀਂਹ ਪਈ ਅਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਵੀ ਇਸ ਇਸ ਵਿੱਚ ਲੇਖ ਲਿਖੱਣ ਲਈ ਕਿਹਾ ਗਿਆ । ਖ਼ਵਾਜਾ ਸਾਹਬ ਹੀ ਇਹ ਸੰਦੇਸ਼ ਲੈਕੇ ਆਏ ਸਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਇਹਨੀ ਦਿਨੀ ਦਸਤ ਦਾ ਕਸ਼ਟ ਸੀ । ਇਸ ਕਸ਼ਟ ਦੇ ਹੁੰਦਿਆਂ ਹੋਇਆਂ ਵੀ ਆਪ ਨੇ ਲੇਖ ਲਿਖੱਣਾ ਅਰੰਭ ਕਰ ਦਿੱਤਾ ਅਤੇ ਰੱਬ ਦੀ ਬਖ਼ਸ਼ੀ ਤੌਫ਼ੀਕ ਕਰਕੇ ਲੇਖ ਖ਼ਤਮ ਵੀ ਹੋ ਗਿਆ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਜੱਦ ਇਹ ਲੇਖ ਖ਼ਵਾਜਾ ਸਾਹਬ ਨੂੰ ਦਿੱਤਾ ਤਾਂ ਉਹਨਾਂ ਨੇ ਇਸ'ਤੇ ਬਹੁਤ ਕੁਝ ਨਿਰਾਸ਼ਾ ਦਾ ਪ੍ਰਗਟਾਵਾ ਕੀਤਾ ਅਤੇ ਵਿਚਾਰ ਪ੍ਰਕਟ ਕੀਤਾ ਕਿ ਇਹ ਲੇਖ ਕਦਰ ਦੀਆਂ ਨਿਗਾਹਾਂ ਨਾਲ ਨਹੀਂ ਦੇਖਿਆ ਜਾਵੇਗਾ ਅਤੇ ਐਵੇਂ ਹੀ ਹਾਸੇ ਮਖ਼ੌਲ ਦਾ ਸਬਬ ਹੋਵੇਗਾ । ਪਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਰੱਬ ਨੇ ਦੱਸ ਦਿੱਤਾ ਸੀ ਕਿ "ਲੇਖ ਉਚੱਤਮ ਰਿਹਾ" ਸੋ ਆਪ ਨੇ ਸਮੇਂ ਤੋਂ ਪਹਿਲਾਂ ਹੀ ਇਸ ਲਿਹਾਮ (ਭਵਿੱਖਬਾਣੀ) ਬਾਰੇ ਇਸ਼ਤਿਹਾਰ ਲਿੱਖ ਕੇ ਲਹੌਰ ਵਿੱਚ ਪ੍ਰਕਾਸ਼ਤ ਕਰਨਾ ਉਚਿਤ ਸਮਝਿਆ ਅਤੇ ਇਸ਼ਤਿਹਾਰ ਲਿੱਖ ਕੇ ਖ਼ਵਾਜਾ ਸਾਹਬ ਨੂੰ ਦੇ ਦਿੱਤਾ ਕਿ ਇਸ ਨੂੰ ਸਾਰੇ ਲਾਹੌਰ ਵਿੱਚ ਪ੍ਰਕਾਸ਼ਤ ਕਰਕੇ ਕੰਧਾਂ ਉਪੱਰ ਲਗਾ ਦਿੱਤਾ ਜਾਵੇ ਅਤੇ ਖ਼ਵਾਜਾ ਸਾਹਬ ਨੂੰ ਬਹੁਤ ਤਸੱਲੀ ਦਿੱਤੀ ਅਤੇ ਭਰੋਸਾ ਦੁਆਇਆ ਪਰ ਖ਼ਵਾਜਾ ਸਾਹਬ ਮਨ ਵਿੱਚ ਨਿਰਣਾ ਕਰੀ ਬੈਠੇ ਸਨ ਕਿ ਲੇਖ ਨਊਜ਼ਬਿੱਲਾਹ ਬੇਕਾਰ ਤੇ ਵਿਅਰਥ ਹੈ ਇਸ ਲਈ ਨ ਉਹਨਾਂ ਨੇ ਆਪ ਇਸ਼ਤਿਹਾਰ ਪ੍ਰਕਾਸਤ ਕੀਤਾ ਨ ਹੀ ਲੋਕਾਂ ਨੂੰ ਪ੍ਰਕਾਸ਼ਤ ਕਰਨ ਦਿਤੱਾ । ਅੰਤ ਉਹ ਦਿਨ ਆ ਗਿਆ ਜਿਸ ਦਿਨ ਲੇਖ ਪੜ੍ਹ ਕੇ ਸੁਣਾਇਆ ਜਾਣਾ ਸੀ । ਜੱਦ ਲੇਖ ਸੁਣਾਇਆ ਜਾਣਾ ਸ਼ੁਰੂ ਹੋਇਆ ਤਾਂ ਕੁਝ ਹੀ ਮਿੰਟਾਂ ਵਿੱਚ ਅਸੀਂ ਜਾਣਦੇ ਹਾਂ ਜਿਵੇਂ ਕਿ ਇਤਿਹਾਸ ਵਿੱਚ ਚਰਚਾ ਹੈ ਕਿ ਲੋਕ ਬੁੱਤ ਬਣ ਗਏ ਅਤੇ ਅਜਿਹਾ ਪ੍ਰਭਾਵ ਹੋਇਆ ਕਿ ਸੰਭਵਤਾ ਉਹਾਨਾਂ'ਤੇ ਜਾਦੂ ਕੀਤਾ ਹੋਵੇ । ਵਿਰੋਧੀਆਂ ਅਤੇ ਸਹਿਮਤੀ ਰਖੱਣ ਵਾਲਿਆਂ ਸਾਰਿਆਂ ਨੇ ਇਕ ਸਹਿਮਤੀ ਨਾਲ ਕਿਹਾ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਲੇਖ ਸਭ ਤੋਂ ਉਚੱਤਮ ਰਿਹਾ ਅਤੇ ਰੱਬ ਦੀ ਦੱਸੀ ਹੋਈ ਗੱਲ ਪੂਰੀ ਹੋਈ ਪਰ ਇਸ ਜ਼ਬਰਦਸਤ ਪੇਸ਼ਗੋਈ ਨੂੰ ਖਵਾਜਾ ਸਾਹਬ ਦੇ ਕਮਜ਼ੋਰ ਈਮਾਨ ਨੇ ਗੁਪਤ ਕਰ ਦਿੱਤਾ ।

ਫਿਰ ਇਸ ਵੱਲ ਧਿਆਨ ਖਿੱਚਦਿਆਂ ਹੋਇਆਂ ਕਿ ਅਹਮਦੀਆਂ ਵਿੱਚ ਕਿਸ ਪ੍ਰਕਾਰ ਦੀ ਧਾਰਮਕ ਗ਼ੈਰਤ ਹੋਣੀ ਚਾਹੀਦੀ ਹੈ ਹਜ਼ਰਤ ਮੁਸਲਿਹ ਮਊਦ ਨੇ ਇਕ ਘਟਨਾ ਵਰਨਣ ਕੀਤੀ । ਜਿੱਥੇ ਗਾਲ੍ਹਾਂ ਦਿੱਤੀਆਂ ਜਾਂਦੀਆਂ ਹਨ ਓਥੇ ਜਾਏ ਹੀ ਕਿਉਂ । ਉਹਨਾਂ ਦਾ ਓਥੇ ਜਾਣਾ ਹੀ ਦਸੱਦਾ ਹੈ ਕਿ ਉਹ ਵਾਸਤਵਿਕ ਗ਼ੈਰਤ ਦੇ ਮੁਕਾਮ ਉਪੱਰ ਨਹੀਂ ਹਨ । ਜੇਕਰ ਤੁਹਾਡੇ ਅੰਦਰ ਹਕੀਕੀ ਗ਼ੈਰਤ ਹੈ ਤਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਜਾਂ ਆਪਣੇ ਇਮਾਮ ਅਤੇ ਹੋਰਨਾ ਬਜ਼ੁਰਗਾਂ ਬਾਰੇ ਗਾਲ੍ਹਾਂ ਸੁਨਣ ਲਈ ਜਾਂਦੇ ਹੀ ਕਿਉਂ ਹੋ । ਤੁਹਾਡਾ ਓਥੇ ਜਾਣਾ ਹੀ ਦਸਦਾ ਹੈ ਕਿ ਤੁਹਾਡੇ ਅੰਦਰ ਗ਼ੈਰਤ ਨਹੀਂ ਹੈ ਜਾਂ ਤੁੱਛ ਦਰਜੇ ਦੀ ਗ਼ੈਰਤ ਹੈ। ਮੈਨੂੰ ਚੇਤੇ ਹੈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਜੁੱਗ ਵਿੱਚ ਆਰਿਆਂ ਨੇ ਲਾਹੌਰ ਵਿੱਚ ਇਕ ਜਲਸਾ ਕੀਤਾ ਅਤੇ ਓਥੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਲੇਖ ਪੜ੍ਹਿਆ ਗਿਆ ਜਿਸ ਵਿੱਚ ਸਾਰੀਆਂ ਗੱਲਾਂ ਪ੍ਰੇਮ ਤੇ ਪਿਆਰ ਦੀਆਂ ਸਨ ।

ਇਸ ਦੇ ਬਾਦ ਇਕ ਆਰਿਆ ਨੇ ਲੇਖ ਪੜ੍ਹਿਆ ਜਿਸ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੂੰ ਅਤਿਅੰਤ ਗਾਲ੍ਹਾਂ ਦਿੱਤੀ ਗਈਆਂ ਸਨ ਅਤੇ ਉਹ ਸਾਰੇ ਗੰਦੇ ਇਤਰਾਜ਼ ਕੀਤੇ ਜੋ ਈਸਾਈ ਤੇ ਆਰਿਆ ਕਰਦੇ ਹਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਜੱਦ ਇਹ ਸੁਣਿਆ ਕਿ ਜਲਸੇ ਵਿੱਚ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਨੂੰ ਗਾਲ੍ਹਾਂ ਦਿੱਤੀਆਂ ਗਈਆਂ ਹਨ ਤਾਂ ਆਪ ਬਹੁਤ ਸਖ਼ਤ ਨਰਾਜ਼ ਹੋਏ ਅਤੇ ਹਜ਼ਰਤ ਖ਼ਲੀਫ਼ਾ ਅਵੱਲ ਉਪੱਰ ਵੀ ਬਹੁਤ ਨਾਰਾਜ਼ ਹੋਏ ਕਿ ਕਿਉਂ ਨ ਆਪ ਲੋਕ ਪ੍ਰੋਟੈਸਟ ਕਰਦਿਆਂ ਹੋਇਆ ਰੋਸ ਪ੍ਰਕਟ ਕਰਦਿਆਂ ਹੋਇਆਂ ਓਥੋਂ ਉਠਕੇ ਵਾਪਸ ਆ ਗਏ । ਕਿਸੇ ਵੀ ਤਰ੍ਹਾਂ ਆਪ ਨੂੰ ਇਹ ਗਵਾਰਾ ਨਹੀਂ ਕਰਨਾ ਚਾਹੀਦਾ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਵਾਰ ਵਾਰ ਨਰਾਜ਼ਗੀ ਦਾ ਪ੍ਰਗਟਾਵਾ ਕਰ ਰਹੇ ਸਨ ਬਹਿਰਹਾਲ ਕੁਝ ਦੇਰ ਬਾਦ ਆਪ ਨੇ ਮੁਆਫ਼ ਕਰ ਦਿੱਤਾ ।

ਜੁਮਏ ਦੇ ਅੰਤ ਵਿੱਚ ਹਜ਼ੂਰ ਅਨਵਰ ਨੇ ਮੁਹਤਰਮ ਹਾਜੀ ਮਨਜ਼ੂਰ ਅਹਮਦ ਸਾਹਬ ਦਰਵੇਸ਼ ਕਾਦੀਆਂ ਦੇ ਸਦਗੁਣਾ ਦੀ ਚਰਚਾ ਕੀਤੀ ਜਿੰਨ੍ਹਾ ਦੀ 85 ਸਾਲ ਦੀ ਉਮਰ ਵਿੱਚ ਪਹਿਲੀ ਮਈ 2015 ਈ. ਨੂੰ ਕਾਦੀਆਂ ਵਿੱਚ ਵਫ਼ਾਤ ਹੋ ਗਈ ਸੀ । ਮਰਹੂਮ ਦੇ ਸਦਗੁਣਾ ਅਤੇ ਲੰਮੀ ਸੇਵਾਵਾਂ ਦਾ ਵਰਨਣ ਕੀਤਾ ਅਤੇ ਦੁਆ ਕੀਤੀ ਕਿ ਅਲੱਾਹ ਤਆਲਾ ਉਹਨਾਂ ਦੇ ਦਰਜੇ ਬੁਲੰਦ ਕਰੇ ਅਤੇ ਉਹਨਾਂ ਦੀਆਂ ਨਸਲਾਂ ਨੂੰ ਵੀ ਉਹਨਾਂ ਦੀਆਂ ਪੈੜ੍ਹਾਂ ਉਪੱਰ ਚਲੱਣ ਦਾ ਸੰਜੋਗ ਪ੍ਰਦਾਨ ਕਰੇ ।

**Khulasa Khutba 08.05.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131